2022/15446
20/9/2022

ਜੀ-I
20/9/22

# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ

## ਸਮੱਗਰਾ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਵਿੱਦਿਆ ਭਵਨ, ਈ ਬਲਾਕ, ਪੰਜਵੀ ਮੰਜਿਲ, ਫੇਜ਼-8 ਐਸ.ਏ.ਐਸ ਨਗਰ (ਮੁਹਾਲੀ), ਪੰਜਾਬ

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),
ਪੰਜਾਬ।

ਮੀਮੋ ਨੰ. Samagra/Plan/2022/247436 ਮਿਤੀ: 14-09-2022

ਵਿਸ਼ਾ: ਸਮੱਗਰਾ ਸਿਖਿਆ ਅਧੀਨ ਜਿਲ੍ਹਾ ਪੱਧਰ ਤੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ "ਕਲਾ ਉਤਸਵ" 2022-23 ਕਰਵਾਉਣ ਸਬੰਧੀ।

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2. ਵਿਦਿਆਰਥੀਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਅਤੇ ਉਹਨਾਂ ਵਿੱਚ ਛੁੱਪੀ ਪ੍ਰਤਿਭਾ ਨੂੰ ਉਭਾਰਨ ਦੇ ਮੰਤਵ ਨਾਲ ਅਤੇ ਪਿਛਲੇ ਸਾਲਾ ਦੀ ਸਫਲਤਾ ਨੂੰ ਮੁੱਖ ਰੱਖਦੇ ਹੋਏ ਭਾਰਤ ਸਰਕਾਰ ਵੱਲੋਂ ਸਮੱਗਰਾ ਸਿਖਿਆ ਅਧੀਨ ਸਰਕਾਰੀ, ਸਰਕਾਰੀ ਏਡਿਡ, ਪ੍ਰਾਈਵੇਟ, ਲੋਕਲ ਬੋਡੀ ਅਤੇ ਕੇਂਦਰ ਸਰਕਾਰ ਦੇ ਸਕੂਲਾਂ ਵਿੱਚ ਪੜ੍ਹਦੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ "ਕਲਾ ਉਤਸਵ" ਨਾਂ ਦੀ ਗਤੀਵਿਧੀ ਅਪਰੂਵ ਕੀਤੀ ਗਈ ਹੈ ਜਿਸ ਵਿੱਚ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀ ਵੱਖ-ਵੱਖ ਮੁਕਾਬਲਿਆਂ ਰਾਹੀਂ ਸਕੂਲ, ਜਿਲ੍ਹਾ, ਜ਼ੋਨ, ਰਾਜ ਅਤੇ ਰਾਸ਼ਟਰ ਪੱਧਰ ਤੇ ਆਪਣੀ ਪ੍ਰਤਿਭਾ ਨੂੰ ਪ੍ਰਦਰਸ਼ਿਤ ਕਰਨਗੇ।ਅਜਿਹਾ ਕਰਨ ਨਾਲ ਜਿੱਥੇ ਵਿਦਿਆਰਥੀਆਂ ਵਿੱਚ ਕਲਾ ਪ੍ਰਤੀ ਰੁਚੀ ਵਧੇਗੀ ਉੱਥੇ ਦੇਸ਼ ਦੇ ਵੱਖ-ਵੱਖ ਪ੍ਰਾਂਤਾਂ ਦੀ ਸੰਸਕ੍ਰਿਤੀ ਅਤੇ ਵਿਰਸੇ ਨੂੰ ਜਾਨਣ ਦਾ ਮੌਕਾ ਵੀ ਮਿਲੇਗਾ।

3. ਕਲਾ ਉਤਸਵ ਅਧੀਨ ਮੁਕਾਬਲੇ ਜਿਲ੍ਹਾ, ਜ਼ੋਨ ਰਾਜ ਅਤੇ ਰਾਸ਼ਟਰ ਪੱਧਰ ਤੇ ਕਰਵਾਏ ਜਾਣੇ ਹਨ। ਕਲਾ ਉਤਸਵ ਤਹਿਤ ਕਰਵਾਏ ਜਾ ਰਹੇ ਮੁਕਾਬਲਿਆਂ ਦੇ ਹੇਠ ਲਿਖੇ ਅਨੁਸਾਰ 4 ਪੱਧਰ ਹੋਣਗੇ:-

- ਜਿਲ੍ਹਾ ਪੱਧਰ: ਸਕੂਲਾਂ ਵਲੋਂ ਆਪਣੀਆਂ Entries ਜਿਲ੍ਹਾ ਪੱਧਰ ਤੇ ਭੇਜੀਆਂ ਜਾਣਗੀਆਂ।
- ਜ਼ੋਨ ਪੱਧਰ: ਜ਼ਿਲ੍ਹਾ ਪੱਧਰ ਤੇ ਜੇਤੂ ਵਿਦਿਆਰਥੀ ਜ਼ੋਨ ਪੱਧਰ ਤੇ ਭਾਗ ਲੈਣਗੇ।
- ਰਾਜ ਪੱਧਰ: ਜ਼ੋਨ ਪੱਧਰ ਤੇ ਜੇਤੂ ਵਿਦਿਆਰਥੀ ਰਾਜ ਪੱਧਰ ਤੇ ਭਾਗ ਲੈਣਗੇ।
- ਰਾਸ਼ਟਰ ਪੱਧਰ: ਰਾਜ ਪੱਧਰ ਤੇ ਜੇਤੂ ਵਿਦਿਆਰਥੀ ਰਾਸ਼ਟਰ ਪੱਧਰ ਤੇ ਭਾਗ ਲੈਣਗੇ।

4. ਕਲਾ ਉਤਸਵ ਅਧੀਨ ਜ਼ਿਲ੍ਹਾ, ਜ਼ੋਨ ਅਤੇ ਰਾਜ ਪੱਧਰੀ ਮੁਕਾਬਲੇ ਕ੍ਰਮਵਾਰ ਮਿਤੀ 12.10.2022, 31.10.2022 ਅਤੇ 19.11.2022 ਤੋ 20.11.2022 ਨੂੰ ਕਰਵਾਏ ਜਾਣਗੇ।

5. ਜਿਲ੍ਹਾ ਪੱਧਰ ਤੇ ਕਲਾ ਉਤਸਵ ਕਰਵਾਉਣ ਲਈ ਦਿਸ਼ਾ ਨਿਰਦੇਸ਼ ਹੇਠ ਲਿਖੇ ਅਨੁਸਾਰ ਹਨ:

- ਕਲਾ ਉਤਸਵ ਵਿੱਚ ਕੇਵਲ ਸਰਕਾਰੀ, ਸਰਕਾਰੀ ਏਡਿਡ, ਪ੍ਰਾਈਵੇਟ, ਲੋਕਲ ਬੋਡੀ ਅਤੇ ਕੇਂਦਰ ਸਰਕਾਰ ਦੇ ਸਕੂਲਾਂ ਵਿੱਚ ਪੜ੍ਹਦੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆ ਵੱਲੋ ਆਫਲਾਈਨ

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ...
ਪਿੱਠ ਅੰਕਣ ਨੰ: ਜੀ-1/1 () 2022/1835 ਮਿਤੀ: 22/9/22
ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਇੰਨ-ਬਿੰਨ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)

ਭਾਗ ਲਿਆ ਜਾਵੇਗਾ।

- ਕਲਾ ਉਤਸਵ ਲਈ ਦੱਸ ਖੇਤਰ Solo Vocal Music (Classical & Traditional Folk), Solo Instrumental Music (Percussive & Melodic), Solo Dance (Classical & Taditional Folk), Visual Art (2-D, 3-D ਅਤੇ Indigenous Toys and Games) and Solo (Drama Acting) ਚੁਣੇ ਗਏ ਹਨ।
- ਉਪਰੋਕਤ Areas ਵਿਚੋਂ ਹਰ ਖੇਤਰ ਲਈ ਦੋ ਐਂਟਰੀਆਂ (1 Female student & 1 Male student) ਹੋਣਗਈਆਂ।
- ਜਿਲ੍ਹਾ ਪੱਧਰ ਕਲਾ ਉਤਸਵ ਵਿਚ ਭਾਗ ਲੈਣ ਵਾਲੇ ਵਿਦਿਆਰਥੀ ਦੀ 100 ਸ਼ਬਦਾਂ ਵਿੱਚ Textual Summary ਸਕੂਲ ਮੁੱਖੀ ਵੱਲੋ ਪ੍ਰੋਫਾਰਮੇ 1 ਸਮੇਤ ਜਿਲ੍ਹਾ ਦਫਤਰ ਨੂੰ ਭੇਜੀ ਜਾਵੇਗੀ।
- ਕਲਾ ਉਤਸਵ ਦੇ ਦੱਸ ਖੇਤਰਾਂ ਵਿੱਚ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀ ਦਾ ਭਾਗ ਲੈਣ ਲਾਜਮੀ ਬਣਾਇਆ ਜਾਵੇ।
- **Solo Vocal Music (Classical and Traditional Folk) :** Solo Music Vocal Classical ਅਤੇ Traditional Folk ਦੋ ਕੈਟਾਗਰੀ ਹਨ।ਇਹਨਾ ਦੋਵੇ ਕੈਟਾਗਰੀਆਂ ਵਿੱਚ ਇਕ ਲੜਕਾ ਅਤੇ ਇਕ ਲੜਕੀ ਵੱਲੋ ਭਾਗ ਲਿਆ ਜਾਵੇਗਾ।ਇਸ ਪ੍ਰਤੀਯੋਗਿਤਾ ਦੀ ਸਮਾ ਸਾਰਨੀ 4-6 ਮਿੰਟ ਹੈ।ਪ੍ਰਤੀਯੋਗੀ ਦੇ ਕੱਪੜੇ, Props ਅਤੇ setting ਉਸਦੀ ਪ੍ਰੋਫਾਰਮੈਂਸ ਨਾਲ ਸਬੰਧਤ ਹੋਣੇ ਚਾਹੀਦੇ ਹਨ।Vocal Music Solo Classical and Traditional Folk ਵਿੱਚ ਸਾਜ ਵਿਦਿਆਰਥੀ/ਅਧਿਆਪਕ ਵੱਲੋ ਵਜਾਇਆ ਜਾ ਸਕਦਾ ਹੈ।ਪ੍ਰੋਫੈਸ਼ਨਲ ਅਤੇ Commercial track ਨਹੀ ਚਲਾਏ ਜਾ ਸਕਦੇ।
- **Solo Instrumental Music (Percussive & Melodic):** Solo Instrumental Music Percussive and Melodic ਦੋਵੇ ਕੈਟਾਗਰੀਆ ਵਿੱਚ ਇਕ ਲੜਕਾ ਅਤੇ ਇਕ ਲੜਕੀ ਵੱਲੋ ਭਾਗ ਲਿਆ ਜਾਵੇਗਾ। Instrumental Music Percussive ਵਿੱਚ ਭਾਰਤੀ ਸਾਜ ਜਿਵੇ ਕਿ (Mridangam, Edakka, Tabla, Dhol, Naal) ਆਦਿ ਵਜਾਈ ਜਾਵੇਗੀ ਅਤੇ Instrumental Music Melodic ਵਿੱਚ ਸਾਜ (Vilon, Sitar, Flute, Sarod, Veena, Shahnai, Santoor) ਆਦਿ ਵਜਾਏ ਜਾਣਗੇ। ਇਸ ਦੀ ਸਮਾ ਸਾਰਨੀ 4-6 ਮਿੰਟ ਹੈ।ਪ੍ਰਤੀਯੋਗੀ ਦੇ ਕੱਪੜੇ, Props ਅਤੇ Properties ਉਸਦੀ ਪ੍ਰਫਾਰਮੈਂਸ ਨਾਲ ਸਬੰਧਤ ਹੋਣੀ ਚਾਹੀਦੀ ਹੈ। Solo Instrumental Music (Percussive & Melodic ਵਿੱਚ ਪ੍ਰਤੀਯੋਗੀ ਨਾਲ ਬਤੌਰ Accompanist ਵਿਦਿਆਰਥੀ/ਅਧਿਆਪਕ ਸਾਜ ਵਜਾ ਸਕਦਾ ਹੈ।Instrumental Music (Percussive & Melodic) ਲਈ ਕੇਵਲ Indigenious ਸਾਜ ਹੀ ਵਜਾਏ ਜਾ ਸਕਦੇ।ਇਲੈਕਟਰੋਨਿਕ ਸਾਜ ਨਹੀ ਵਜਾਏ ਜਾ ਸਕਦੇ।
- **Solo Dance (Classical & Traditional Folk):** Solo Dance Classical & Traditional Folk ਦੋਵੇ ਕੈਟਾਗਰੀ ਵਿਚ ਇੱਕ ਲੜਕਾ ਅਤੇ ਇਕ ਲੜਕੀ ਵੱਲੋ ਭਾਗ ਲਿਆ ਜਾਵੇਗਾ। ਇਸ ਦੀ ਸਮਾ ਸਾਰਨੀ 4-6 ਮਿੰਟ ਹੈ।ਪ੍ਰਤੀਯੋਗੀ ਵੱਲੋ Dance Classical ਸਬੰਧੀ ਪ੍ਰੋਫਾਰਮੈਸ (Bharatanatyam, Chhau, Kathak, Sattriya, Kuchipudi, Odissi, Mohiniattam, kathakali and Manipuri) ਸ਼ੈਲੀਆ ਵਿੱਚ ਦਿੱਤੀ ਜਾ ਸਕਦੀ ਹੈ। ਪ੍ਰਦਰਸ਼ਨ ਕਿਸੇ ਵੀ ਰਾਜ ਦੇ Traditional Folk ਵਿੱਚ ਕੀਤਾ ਜਾ ਸਕਦਾ ਹੈ।ਪ੍ਰਤੀਯੋਗੀ ਵੱਲੋ ਡਾਂਸ ਦਾ ਪ੍ਰਦਰਸ਼ਨ ਆਪਣੇ ਰਾਜ ਦੀ ਕਿਸੇ ਵੀ ਸ਼ੈਲੀ/ਸਟਾਈਲ ਵਿੱਚ ਕੀਤਾ ਜਾ ਸਕਦਾ ਹੈ।ਕੱਪੜੇ ਅਤੇ ਸਿੰਗਾਰ Simple, Authentic ਹੋਣ ਚਾਹੀਦਾ ਹੈ।ਡਾਂਸ ਲਈ ਸੰਗੀਤ recorded ਅਤੇ ਲਾਈਵ ਦੋਵੇਂ ਹੋ ਸਕਦੇ ਹਨ।
- **Visual Art 2 Dimensional :** ਇਸ ਪ੍ਰਤੀਯੋਗਿਤਾ ਵਿਚ ਇੱਕ ਲੜਕਾ ਅਤੇ ਇਕ ਲੜਕੀ ਵੱਲੋ ਭਾਗ ਲਿਆ ਜਾਵੇਗਾ।ਇਸ ਕੈਟਾਗਰੀ ਵਿੱਚ 2-D painting, 3-D painting , Rock painting Wall painting, Floor painting ਆਦਿ ਵਿਦਿਆਰਥੀ ਵੱਲੋ ਬਣਾਈ ਜਾ ਸਕਦੀ ਹੈ।

- **Visual Art 3 Dimensional:** ਇਸ ਪ੍ਰਤੀਯੋਗਿਤਾ ਵਿਚ ਇੱਕ ਲੜਕਾ ਅਤੇ ਇਕ ਲੜਕੀ ਵੱਲੋ ਭਾਗ ਲਿਆ ਜਾਵੇਗਾ।ਇਸ ਕੈਟਾਗਰੀ ਵਿੱਚ eco-friendly material ਦਾ 3D sculpture ਬਣਾਇਆ ਜਾ ਸਕਦਾ ਹੈ।ਇਸ ਪ੍ਰਤੀਯੋਗਿਤਾ ਲਈ 2 ਦਿਨ ਦਿੱਤੇ ਜਾਣ।ਪ੍ਰਤੀਯੋਗੀ ਆਪਣੀ ਮਰਜੀ ਦਾ ਕਿਸੇ ਕਿਸਮ ਦਾ material ਵਰਤ ਸਕਦਾ ਹੈ।
- **Indigenous Toys & Games:** ਇਸ ਪ੍ਰਤੀਯੋਗਿਤਾ ਵਿਚ ਇੱਕ ਲੜਕਾ ਅਤੇ ਇਕ ਲੜਕੀ ਵੱਲੋ ਭਾਗ ਲਿਆ ਜਾਵੇਗਾ। ਪ੍ਰਤੀਯੋਗਿਤਾ ਕੇਵਲ (Agricultural implements and tools, (2) Charaters of Panchatantra, Jataka tales and Folk tales) ਤੇ Indigenous Toys and Games ਬਣਾ ਸਕਦਾ ਹੈ।ਖਿਡੌਣੇ ਬਣਾਉਣ ਲਈ Material ਕੇਵਲ ਉਹ ਵਰਤੀਆ ਜਾ ਸਕਦਾ ਹੈ ਜ਼ੋ ਅਸਲੀਅਤ ਖਿਡੋਣਾ ਦੀ ਬਣਾਵਟ ਵਿੱਚ ਵਰਤੀਆ ਗਿਆ ਹੋਵੇ।ਜੇਕਰ ਖਿਡੌਣੇ ਸਬੰਧੀ ਵਰਤੀਆ material ਉਪਲੱਬਧ ਨਹੀ ਹੈ ਤਾ ਪ੍ਰਤੀਯੋਗੀ eco-friendly material ਦੀ ਵਰਤੋ ਕਰ ਸਕਦਾ ਹੈ। Visual art 2-D & 3-D ਅਤੇ Indigenous Toys & Games ਦਾ ਸਾਈਜ ਪ੍ਰਤੀਯੋਗੀ ਆਪਣੀ ਜਰੂਰਤ ਅਨੁਸਾਰ ਬਣਾ ਸਕਦਾ ਹੈ ਜ਼ੋ ਕਿ ਦਿੱਤੇ ਗਏ ਸਮੇ ਵਿੱਚ ਪੂਰਾ ਹੋ ਸਕੇ।
- Drama (Solo Acting): ਇਹ ਪ੍ਰਤੀਯੋਗਿਤਾ ਵਿੱਚ ਇਕ ਲੜਕਾ ਅਤੇ ਇਕ ਲੜਕੀ ਵੱਲੋ ਭਾਗ ਲਿਆ ਜਾਵੇਗਾ। ਡਰਾਮੇ ਵਿੱਚ ਰਾਜ ਦੇ ਉੱਘੇ ਸਮਾਜ ਸੁਧਾਰਕ, ਕਲਾਕਾਰ, ਲੇਖਕ, ਕਵੀ, ਵਿਗਿਆਨੀ, ਸੁਤੰਤਰਤਾ ਸੈਨਾਨੀ ਵਿੱਚ ਕਿਸੇ ਵੀ ਸਖਸੀਅਤ ਦੇ ਜੀਵਨ ਦੀ ਝਲਕ ਨੂੰ ਦਰਸਾਉਦਾ ਐਕਟ ਹੋਵੇ। ਇਸ ਦੀ ਸਮਾ ਸਾਰਨੀ 6-8 ਮਿੰਟ ਹੈ। ਹਰੇਕ ਪ੍ਰਤੀਯੋਗੀ ਨੂੰ ਸਟੇਜ਼ setting ਲਈ 10 ਮਿੰਟ ਵਾਧੂ ਦਿੱਤੇ ਜਾਣਗੇ।Drama ਕਿਸੇ ਵੀ ਭਾਸ਼ਾ ਵਿੱਚ ਹੋ ਸਕਦਾ ਹੈ।ਪ੍ਰਤੀਯੋਗੀ ਦੇ ਕੱਪੜੇ, props ਅਤੇ Stage setting ਉਸ ਦੀ ਪ੍ਰਫਾਰਮੈਸ ਨਾਲ ਸਬੰਧਤ ਹੋਣੀ ਚਾਹੀਦੀ ਹੈ।ਬੈਕਗਰਾਊਡ ਸੰਗੀਤ ਰਿਕਾਰਡੀਡ ਜਾ ਫਿਰ ਟਰੈਕ ਵੀ ਵਰਤੀਆਂ ਜਾ ਸਕਦਾ ਹੈ।
- ਕਲਾ ਉਤਸਵ ਲਈ ਵੱਖ-ਵੱਖ ਖੇਤਰਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਅਤੇ ਸਮਾਂ ਸਾਰਣੀ ਨਾਲ ਨੱਥੀ ਕੀਤੀ ਜਾਂਦੀ ਹੈ।
- ਕਲਾ ਉਤਸਵ ਵਿੱਚ ਭਾਗ ਲੈਣ ਵਾਲੇ ਸਕੂਲਾਂ ਵੱਲੋਂ ਭਾਰਤ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਨੂੰ ਚੰਗੀ ਤਰ੍ਹਾ ਪੜ੍ਹ ਲਿਆ ਜਾਵੇ ਅਤੇ ਗਾਈਡਲਾਈਨਜ਼ ਅਨੁਸਾਰ ਹੀ ਵਿਦਿਆਰਥੀ ਨੂੰ performance ਲਈ ਤਿਆਰ ਕਰਵਾਇਆ ਜਾਵੇ। (ਗਾਈਡਲਾਈਨਜ਼ ਨੱਥੀ)

6. ਜ਼ਿਲ੍ਹਾ ਪੱਧਰੀ ਕਲਾ ਉਤਸਵ ਮੁਕਾਬਲਾ ਮਿਤੀ 12-10-2022 ਨੂੰ ਕਰਵਾਇਆ ਜਾਵੇ।ਜ਼ਿਲ੍ਹਾ ਪੱਧਰੀ ਪ੍ਰਤੀਯੋਗਿਤਾ ਲਈ 24,000/-ਰੁ. ਪ੍ਰਤੀ ਜਿਲ੍ਹਾ ਦੇ ਹਿਸਾਬ ਨਾਲ ਰਾਸ਼ੀ ਆਪ ਨੂੰ ਜਾਰੀ ਕੀਤੀ ਜਾ ਰਹੀ ਹੈ।ਕਲਾ ਉਤਸਵ ਲਈ ਭੇਜੀ ਗਏ ਰਾਸ਼ੀ ਦੀ ਵਰਤੋ ਆਪ ਵੱਲੋ ਆਪਣੇ ਪੱਧਰ ਤੇ ਕਰ ਲਈ ਜਾਵੇ।

7. ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਵੱਲੋ ਕਲਾ ਉਤਸਵ ਪ੍ਰਤੀਯੋਗਿਤਾ ਲਈ ਸਮੂਹ ਸਕੂਲਾਂ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਵੱਧ ਤੋ ਵੱਧ ਸਕੂਲਾਂ ਵੱਲੋ ਵਿਦਿਆਰਥੀਆਂ ਦੀਆਂ ਐਂਟਰੀਆਂ ਜਿਲ੍ਹਾ ਪੱਧਰ ਕਲਾ ਉਤਸਵ ਲਈ ਭੇਜੀਆਂ ਜਾਣ।

8. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਅਤੇ ਉਪ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਆਪਸੀ ਤਾਲਮੇਲ ਅਤੇ ਜਿੰਮੇਵਾਰੀ ਨਾਲ ਜਿਲ੍ਹਾ ਪੱਧਰੀ ਕਲਾ ਉਤਸਵ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜਨਗੇ।

9. ਜਿਲ੍ਹਾ ਪੱਧਰ ਤੇ ਹਰੇਕ ਖੇਤਰ ਵਿਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਵੱਲੋ ਟਰਾਫੀ ਅਤੇ ਸਰਟੀਫਿਕੇਟ ਦਿੱਤੇ ਜਾਣ।

10. ਕਲਾ ਉਤਸਵ ਵਿੱਚ ਹਰੇਕ ਗਤੀਵਿਧੀ ਵਿੱਚ ਜਿਲ੍ਹਾ ਪੱਧਰ ਤੇ ਪਹਿਲੇ ਸਥਾਨ ਤੇ ਆਉਣ ਵਾਲੇ ਲੜਕਾ ਅਤੇ ਲੜਕੀ ਵੱਲੋ ਮਿਤੀ 31.10.2022 ਨੂੰ ਜ਼ੋਨ ਪੱਧਰ ਤੇ ਭਾਗ ਲਿਆ ਜਾਵੇਗਾ।

11. ਪੰਜਾਬ ਦੇ 22 ਜਿਲ੍ਹਿਆ ਨੂੰ 4 ਜ਼ੋਨਾਂ ਵਿੱਚ ਵੰਡਿਆ ਗਿਆ ਹੈ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

ਕਲਾ ਉਤਸਵ ਲਈ ਵੱਖ-ਵੱਖ ਖੇਤਰਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਅਤੇ ਸਮੇ ਸਮਾਂ ਸਾਰਣੀ।

| Sr No. | Acitivity | No. of Students | Specifications | Timeline |
|---|---|---|---|---|
| 1 | Solo Vocal Music Classical | 2(1 Female students , 1 Male students) | Hindustani or Carnatic | 4 to 6 minute performance |
| 2 | Solo Vocal Music Traditional Folk | 2(1 Female students , 1 Male students) | Any Dialect or Style | 4 to 6 minute performance |
| 3 | Solo Instrumental Music Percussive | 2(1 Female students, 1 Male students) | Any traditional Indian percussion | 4 to 6 minute performance |
| 4 | Solo Instrumental Music Melodic | 2(1 Female students, 1 Male students) | Any traditional Indian Melodic | 4 to 6 minute performance |
| 5 | Dance Classical | 2 (1 Female students, 1 Male students) | Classical Forms | 4 to 6 minute performance |
| 6 | Dance Folk | 2 (1 Female students, 1 Male students) | Traditional folk of any State | 4 to 6 minute performance |
| 7 | Visual Arts (2 dimentional ) | 2 (1 Female students, 1 Male students) | Drawing or Painiting and print making | three days to complete the art work |
| 8 | Visual Arts (3 dimentional ) | 2 (1 Female students, 1 Male students) | Sculpture | three days to complete the art work |
| 9 | Indigenous Toys and Games | 2 (1 Female students, 1 Male students) | Traditional Toys and Games | three days to complete the art work |
| 10 | Drama (Solo Acting) | 2 (1 Female students, 1 Male students) | Any enactment done individually | 6 to 8 minute performance |

| ਜ਼ੋਨ | ਜਿਲ੍ਹਿਆ ਦੀ ਗਿਣਤੀ | ਜਿਲ੍ਹਿਆ ਦੇ ਨਾ |
|---|---|---|
| ਅੰਮ੍ਰਿਤਸਰ | 5 | ਅੰਮ੍ਰਿਤਸਰ,ਗੁਰਦਾਸਪੁਰ, ਕਪੂਰਥਲਾ, ਤਰਨਤਾਰਨ, ਪਠਾਟਕੋਟ |
| ਸ੍ਰੀ ਮੁਕਤਸਰ ਸਾਹਿਬ | 6 | ਫਰੀਦਕੋਟ, ਬਠਿੰਡਾ, ਫਿਰੋਜਪੁਰ, ਮਾਨਸਾ, ਫਾਜਿਲਕਾ, ਸ੍ਰੀ ਮੁਕਤਸਰ ਸਾਹਿਬ |
| ਪਟਿਆਲਾ | 5 | ਪਟਿਆਲਾ, ਸੰਗਰੂਰ, ਮੋਹਾਲੀ, ਬਰਨਾਲਾ, ਫਤਿਹਗੜ੍ਹ ਸਾਹਿਬ |
| ਹੁਸ਼ਿਆਰਪੁਰ | 6 | ਮੋਗਾ, ਜਲੰਧਰ, ਹੁਸ਼ਿਆਰਪੁਰ, ਲੁਧਿਆਣਾ, ਰੋਪੜ, ਨਵਾ ਸ਼ਹਿਰ |

12. ਜਿਲ੍ਹਾ ਪੱਧਰੀ ਕਲਾ ਉਤਸਵ ਲਈ ਜਾਰੀ ਕੀਤੀ ਗਈ ਰਾਸ਼ੀ ਨੂੰ ਖਰਚਣ ਉਪਰੰਤ ਇਸਦਾ ਵਰਤੋਂ ਸਰਟੀਫਿਕੇਟ ਮਿਤੀ 15-11-2022 ਤੱਕ ਮੁੱਖ ਦਫ਼ਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ ਅਤੇ ਜਿੰਨ੍ਹਾ ਜਿਲ੍ਹਿਆ ਵੱਲੋ ਰਾਸ਼ੀ ਖਰਚ ਨਹੀ ਕੀਤੀ ਜਾਵੇਗੀ ਜਾ ਜਿੰਨ੍ਹਾਂ ਜਿਲ੍ਹਿਆ ਵਿੱਚ ਰਾਸ਼ੀ ਬਕਾਇਆ ਰਹਿ ਜਾਵੇਗੀ ਉਹਨਾਂ ਜਿਲ੍ਹਿਆ ਵੱਲੋ ਜਿਲ੍ਹਾ ਪੱਧਰੀ ਪ੍ਰਤੀਯੋਗਿਤਾ ਖਤਮ ਹੋਣ ਉਪਰੰਤ ਇਹ ਰਾਸ਼ੀ ਮੁੱਖ ਦਫਤਰ ਨੂੰ ਵਾਪਿਸ ਭੇਜੀ ਜਾਵੇ।

ਡਾਇਰੈਕਟਰ ਜਰਨਲ ਸਕੂਲ ਸਿੱਖਿਆ
ਪੰਜਾਬ।

ਪਿੰਠ ਅੰਕਣ :ਸਮੱਗਰਾ/ਪਲਾਨ/2022/ 247437 ਮਿਤੀ: 14-09-2022

ਉਪਰੋਕਤ ਦਾ ਉਤਾਰਾ ਜਿਲ੍ਹਾ ਸਿੱਖਿਆ ਅਫਸਰ (ਐ:ਸਿ), ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਜਰਨਲ ਸਕੂਲ ਸਿੱਖਿਆ
ਪੰਜਾਬ।